# ਤੁਹਾਡੇ ਬੱਚੇ ਦਾ ਇਮਿਊਨ ਸਿਸਟਮ ਅਤੇ ਵੈਕਸੀਨਾਂ

# Your baby's immune system and vaccines

## ਜਾਂਚੋ ਕਿ ਆਪਣੇ ਬੱਚੇ ਦੇ ਇਮਿਊਨ ਸਿਸਟਮ ਅਤੇ ਵੈਕਸੀਨਾਂ ਬਾਰੇ ਤੁਸੀਂ ਕੀ ਜਾਣਦੇ ਹੋ

☐ ਮੈਨੂੰ ਪਤਾ ਹੈ ਕਿ ਮੇਰੇ ਬੱਚੇ ਲਈ ਸਾਰੀਆਂ ਵੈਕਸੀਨਾਂ ਸਮੇਂ ਸਿਰ ਲਗਵਾਉਣਾ ਮਹੱਤਵਪੂਰਨ ਕਿਉਂ ਹੈ

☐ ਮੈਨੂੰ ਪਤਾ ਹੈ ਕਿ ਮੇਰਾ ਬੱਚਾ ਇੱਕ ਸਮੇਂ 'ਤੇ ਇੱਕ ਤੋਂ ਵੱਧ ਵੈਕਸੀਨਾਂ ਸੁਰੱਖਿਅਤ ਢੰਗ ਨਾਲ ਕਿਉਂ ਲਗਵਾ ਸਕਦਾ ਹੈ

☐ ਮੈਨੂੰ ਪਤਾ ਹੈ ਕਿ ਆਪਣੇ ਬੱਚੇ ਦਾ ਟੀਕਾਕਰਨ ਕਰਵਾਉਣਾ ਉਨ੍ਹਾਂ ਨੂੰ ਗੰਭੀਰ ਬਿਮਾਰੀਆਂ ਤੋਂ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ

☐ ਮੈਨੂੰ ਪਤਾ ਹੈ ਕਿ ਇਮਿਊਨ ਸਿਸਟਮ ਕਿਵੇਂ ਕੰਮ ਕਰਦਾ ਹੈ

☐ ਮੈਨੂੰ ਪਤਾ ਹੈ ਕਿ ਵੈਕਸੀਨਾਂ ਇਮਿਊਨ ਸਿਸਟਮ ਨਾਲ ਕਿਵੇਂ ਕੰਮ ਕਰਦੀਆਂ ਹਨ

ਜੇਕਰ ਤੁਸੀਂ ਉੱਪਰ ਦਿੱਤੇ ਕਿਸੇ ਵੀ ਕਥਨ ਬਾਰੇ ਅਨਿਸ਼ਚਿਤ ਹੋ, ਤਾਂ ਹੋਰ ਜਾਣਨ ਲਈ ਪੜ੍ਹਨਾ ਜਾਰੀ ਰੱਖੋ।

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੀਆਂ ਵੈਕਸੀਨਾਂ ਸਮੇਂ ਸਿਰ ਪ੍ਰਾਪਤ ਲਗਵਾਓ।**

ਸਮੇਂ ਸਿਰ ਸਾਰੀਆਂ ਵੈਕਸੀਨਾਂ ਪ੍ਰਾਪਤ ਕਰਕੇ, ਤੁਹਾਡੇ ਬੱਚੇ ਨੂੰ ਉਨ੍ਹਾਂ ਦੇ ਜੀਵਨ ਕਾਲ ਦੌਰਾਨ ਬਹੁਤ ਸਾਰੀਆਂ ਬਿਮਾਰੀਆਂ ਤੋਂ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

## ਇਮਿਊਨ ਸਿਸਟਮ ਕੀ ਹੈ ਅਤੇ ਇਹ ਕਿਵੇਂ ਕੰਮ ਕਰਦਾ ਹੈ?

ਤੁਸੀਂ ਵਾਇਰਸਾਂ ਅਤੇ ਬੈਕਟੀਰੀਆ ਬਾਰੇ ਸੁਣਿਆ ਹੋਵੇਗਾ, ਜਿਨ੍ਹਾਂ ਨੂੰ ਅਕਸਰ ਕੀਟਾਣੂ ਕਿਹਾ ਜਾਂਦਾ ਹੈ। ਕੁਝ ਕੀਟਾਣੂ ਜੋ ਤੁਹਾਡੇ ਬੱਚੇ ਦੇ ਸਰੀਰ ਵਿੱਚ ਦਾਖਲ ਹੁੰਦੇ ਹਨ, ਤੁਹਾਡੇ ਬੱਚੇ ਨੂੰ ਬਹੁਤ ਬਿਮਾਰ ਕਰ ਸਕਦੇ ਹਨ।

ਜਨਮ ਤੋਂ ਹੀ, ਇਮਿਊਨ ਸਿਸਟਮ ਤੁਹਾਡੇ ਬੱਚੇ ਨੂੰ ਨੁਕਸਾਨਦੇਹ ਕੀਟਾਣੂਆਂ ਤੋਂ ਬਚਾਉਂਦਾ ਹੈ। ਤੁਹਾਡੇ ਬੱਚੇ ਦਾ ਇਮਿਊਨ ਸਿਸਟਮ ਅੰਗਾਂ ਅਤੇ ਸੈੱਲਾਂ ਤੋਂ ਬਣਿਆ ਹੁੰਦਾ ਹੈ ਜੋ ਉਹਨਾਂ ਦੀ ਰੱਖਿਆ ਲਈ ਇਕੱਠੇ ਕੰਮ ਕਰਦੇ ਹਨ।

ਇਮਿਊਨ ਸਿਸਟਮ ਦੇ ਦੋ ਮਹੱਤਵਪੂਰਨ ਹਿੱਸੇ ਐਂਟੀਬਾਡੀਆਂ ਅਤੇ ਮੈਮਰੀ ਸੈੱਲ ਹਨ। ਐਂਟੀਬਾਡੀਆਂ ਨੁਕਸਾਨਦੇਹ ਕੀਟਾਣੂਆਂ ਨੂੰ ਮਾਰਨ ਵਿੱਚ ਮਦਦ ਕਰਦੀਆਂ ਹਨ। ਮੈਮਰੀ ਸੈੱਲ ਇਮਿਊਨ ਸਿਸਟਮ ਨੂੰ ਲਾਗ ਦਾ ਜਲਦੀ ਜਵਾਬ ਦੇਣ ਅਤੇ ਬਿਮਾਰੀ ਨੂੰ ਰੋਕਣ ਵਿੱਚ ਮਦਦ ਕਰਦੇ ਹਨ।

## ਵੈਕਸੀਨ ਕਿਵੇਂ ਕੰਮ ਕਰਦੀ ਹੈ?

ਵੈਕਸੀਨਾਂ ਬਿਮਾਰੀ ਹੋਏ ਬਿਨਾਂ ਤੁਹਾਡੇ ਬੱਚੇ ਦੇ ਇਮਿਊਨ ਸਿਸਟਮ ਨੂੰ ਐਂਟੀਬਾਡੀਆਂ ਬਣਾਉਣ ਵਿੱਚ ਮਦਦ ਕਰਦੀਆਂ ਹਨ।

ਵੈਕਸੀਨਾਂ ਤੁਹਾਡੇ ਬੱਚੇ ਦੇ ਇਮਿਊਨ ਸਿਸਟਮ ਨੂੰ ਮੈਮਰੀ ਸੈੱਲ ਬਣਾਉਣ ਦੀ ਆਗਿਆ ਵੀ ਦਿੰਦੀਆਂ ਹਨ। ਮੈਮਰੀ ਸੈੱਲ ਲੰਬੇ ਸਮੇਂ ਤੱਕ ਨੁਕਸਾਨਦੇਹ ਕੀਟਾਣੂਆਂ ਤੋਂ ਬਚਾਉਂਦੇ ਹਨ। ਉਦਾਹਰਨ ਲਈ, ਜਦੋਂ ਤੁਹਾਡੇ ਬੱਚੇ ਨੂੰ ਮੀਜ਼ਲਜ਼, ਮੰਮਪਸ ਅਤੇ ਰੁਬੈਲਾ ਦੀ ਵੈਕਸੀਨ ਲਗਾਈ ਜਾਂਦੀ ਹੈ, ਤਾਂ ਉਹ ਟੀਕਾਕਰਨ ਤੋਂ ਬਹੁਤ ਬਾਅਦ ਉਨ੍ਹਾਂ ਨੂੰ ਇਹਨਾਂ ਬਿਮਾਰੀਆਂ ਤੋਂ ਬਚਾਉਣ ਲਈ ਮੈਮਰੀ ਸੈੱਲ ਵਿਕਸਤ ਕਰਦੇ ਹਨ।

## ਕੀ ਮੇਰੇ ਬੱਚੇ ਨੂੰ ਇੱਕ ਸਮੇਂ ਇੱਕ ਤੋਂ ਵੱਧ ਵੈਕਸੀਨ ਲਗਾਈ ਜਾ ਸਕਦੀ ਹੈ?

ਹਾਂ। ਤੁਹਾਡੇ ਬੱਚੇ ਦਾ ਇਮਿਊਨ ਸਿਸਟਮ ਸ਼ਾਨਦਾਰ ਹੈ। ਜਨਮ ਤੋਂ ਲੈ ਕੇ ਹਰ ਰੋਜ਼, ਬੱਚੇ ਦਾ ਸਰੀਰ ਹਵਾ, ਭੋਜਨ, ਪਾਣੀ ਵਿੱਚ ਅਤੇ ਵਸਤੂਆਂ 'ਤੇ ਹਜ਼ਾਰਾਂ ਕੀਟਾਣੂਆਂ ਤੋਂ ਆਪਣਾ ਬਚਾਅ ਕਰਦਾ ਹੈ।


ਇੱਕੋ ਸਮੇਂ ਇੱਕ ਤੋਂ ਵੱਧ ਵੈਕਸੀਨਾਂ ਲਗਾਉਣਾ ਇਮਿਊਨ ਸਿਸਟਮ ਨੂੰ ਹੰਢਾਉਂਦਾ ਨਹੀਂ ਹੈ। ਤੁਹਾਡੇ ਬੱਚੇ ਦੇ ਇਮਿਊਨ ਸਿਸਟਮ ਦਾ ਬਹੁਤ ਛੋਟਾ ਜਿਹਾ ਹਿੱਸਾ ਹੀ ਥੋੜ੍ਹੇ ਸਮੇਂ ਲਈ ਵਰਤਿਆ ਜਾਂਦਾ ਹੈ ਭਾਵੇਂ ਤੁਹਾਡੇ ਬੱਚੇ ਨੂੰ ਕਈ ਵੈਕਸੀਨਾਂ ਲਗਾਈਆਂ ਜਾਂਦੀਆਂ ਹਨ।

## ਮੇਰੇ ਬੱਚੇ ਲਈ ਸਮੇਂ ਸਿਰ ਉਨ੍ਹਾਂ ਦੀਆਂ ਵੈਕਸੀਨਾਂ ਲਗਵਾਉਣਾ ਮਹੱਤਵਪੂਰਨ ਕਿਉਂ ਹੈ?

ਵੈਕਸੀਨਾਂ ਸਭ ਤੋਂ ਵਧੀਆ ਕੰਮ ਕਰਦੀਆਂ ਹਨ ਜਦੋਂ ਉਹ ਤੁਹਾਡੇ ਬੱਚੇ ਨੂੰ ਸਮੇਂ ਸਿਰ ਅਤੇ ਉਨ੍ਹਾਂ ਦੇ ਬਿਮਾਰੀ ਦਾ ਕਾਰਨ ਬਣਨ ਵਾਲੇ ਵਾਇਰਸਾਂ ਜਾਂ

ਬੈਕਟੀਰੀਆ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਮਿਲਦੀਆਂ ਹਨ। ਟੀਕਾਕਰਨ ਸ਼ੈਡਿਊਲ ਵਿੱਚ ਹਰੇਕ ਵੈਕਸੀਨ ਅਤੇ ਖੁਰਾਕ ਦਾ ਸਮਾਂ ਧਿਆਨ ਨਾਲ ਯੋਜਨਾਬੱਧ ਕੀਤਾ ਗਿਆ ਹੈ ਤਾਂ ਜੋ ਤੁਹਾਡੇ ਬੱਚੇ ਨੂੰ ਕਈ ਬਿਮਾਰੀਆਂ ਤੋਂ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਬਚਾਇਆ ਜਾ ਸਕੇ। ਸਿਫ਼ਾਰਸ਼ ਕੀਤੇ ਗਏ ਸ਼ੈਡਿਊਲ ਦੀ ਪਾਲਣਾ ਕਰਨਾ ਤੁਹਾਡੇ ਬੱਚੇ ਨੂੰ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ ਜਦੋਂ ਉਸਨੂੰ ਇਸਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਕਿਰਪਾ ਕਰਕੇ ਬੱਚਿਆਂ ਲਈ ਟੀਕਾਕਰਨ ਸ਼ੈਡਿਊਲਾਂ 'ਤੇ ਜਾਓ।

ਤੁਹਾਡੇ ਬੱਚੇ ਦੀ ਜਲਦੀ ਤੋਂ ਜਲਦੀ ਰੱਖਿਆ ਕਰਨ ਲਈ, ਤੁਹਾਡੇ ਬੱਚੇ ਨੂੰ 2 ਮਹੀਨੇ ਦੀ ਉਮਰ ਤੋਂ ਹੀ ਸਿਫ਼ਾਰਸ਼ ਕੀਤੀਆਂ ਵੈਕਸੀਨਾਂ ਮਿਲਣੀਆਂ ਚਾਹੀਦੀਆਂ ਹਨ। ਜ਼ਿਆਦਾਤਰ ਵੈਕਸੀਨਾਂ ਨੂੰ ਸਭ ਤੋਂ ਵਧੀਆ ਸੁਰੱਖਿਆ ਦੇਣ ਲਈ ਇੱਕ ਤੋਂ ਵੱਧ ਖੁਰਾਕਾਂ ਦੀ ਲੋੜ ਹੁੰਦੀ ਹੈ। ਖੁਰਾਕਾਂ ਆਮ ਤੌਰ 'ਤੇ 2 ਜਾਂ ਵੱਧ ਮਹੀਨਿਆਂ ਦੇ ਅੰਤਰਾਲ 'ਤੇ ਦਿੱਤੀਆਂ ਜਾਂਦੀਆਂ ਹਨ।




ਉਦਾਹਰਣ ਵਜੋਂ, ਪਰਟੂਸਿਸ (ਕਾਲੀ ਖਾਂਸੀ) ਬੱਚਿਆਂ ਲਈ ਇੱਕ ਘਾਤਕ ਬਿਮਾਰੀ ਹੋ ਸਕਦੀ ਹੈ। ਬੱਚਿਆਂ ਨੂੰ ਕਾਲੀ ਖਾਂਸੀ ਤੋਂ ਬਚਾਅ ਸ਼ੁਰੂ ਕਰਨ ਲਈ 2 ਮਹੀਨੇ ਦੀ ਉਮਰ ਵਿੱਚ ਪਰਟੂਸਿਸ ਵੈਕਸੀਨ ਦੀ ਪਹਿਲੀ ਖੁਰਾਕ ਦੀ ਲੋੜ ਹੁੰਦੀ ਹੈ। 3 ਖੁਰਾਕਾਂ ਤੋਂ ਬਾਅਦ ਉਹਨਾਂ ਨੂੰ ਬਚਪਨ ਵਿੱਚ ਪੂਰੀ ਸੁਰੱਖਿਆ ਮਿਲੇਗੀ। 18 ਮਹੀਨਿਆਂ ਦੀ ਉਮਰ ਵਿੱਚ ਦਿੱਤੀ ਜਾਣ ਵਾਲੀ ਚੌਥੀ ਖੁਰਾਕ ਇੱਕ ਬੂਸਟਰ ਖੁਰਾਕ ਹੈ ਜੋ 4-6 ਸਾਲ ਦੀ ਉਮਰ ਵਿੱਚ ਅਗਲੀ ਖੁਰਾਕ ਤੱਕ ਸੁਰੱਖਿਆ ਪ੍ਰਦਾਨ ਕਰਦੀ ਹੈ।

## ਹੋਰ ਜਾਣਕਾਰੀ ਲਈ

ਬਚਪਨ ਦੇ ਟੀਕਾਕਰਨ ਬਾਰੇ ਹੋਰ ਜਾਣਕਾਰੀ ਲਈ, ਇੱਥੇ ਜਾਓ:

- HealthLinkBC File #50b ਤੁਹਾਡੇ ਬੱਚੇ ਦਾ ਟੀਕਾਕਰਨ ਕਰਵਾਉਣ ਦੇ ਲਾਭ
- HealthLinkBC File #50c ਬਚਪਨ ਦੀਆਂ ਵੈਕਸੀਨਾਂ ਸੁਰੱਖਿਅਤ ਹਨ
- HealthLinkBC File #50d ਬਚਪਨ ਦੀਆਂ ਵੈਕਸੀਨਾਂ: ਵੈਕਸੀਨਾਂ ਵਿੱਚ ਕੀ ਹੈ ਅਤੇ ਕਿਉਂ
- HealthLinkBC ਫਾਈਲ #50e ਤੁਹਾਡੇ ਬੱਚੇ ਲਈ ਟੀਕਾਕਰਨ ਦਾ ਬਿਹਤਰ ਤਜਰਬਾ

BC Centre for Disease Control
Provincial Health Services Authority